**Directorate Of Education ,GNCT Of Delhi**

**Mid Term Practice Paper**

**Session 2025-26**

**Class VIII**

**Subject Punjabi**

**TIME 2.5 HOURS** **TOTAL MARKS -60**

**ਆਮ ਨਿਰਦੇਸ਼:-**

* ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ।

* ਸਾਰੇ ਪ੍ਰਸ਼ਨ ਕਰਨੇ ਜਰੂਰੀ ਹਨ।

* ਹਰ ਭਾਗ ਨੂੰ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਕਰਨ ਦੀ ਕੋਸ਼ਿਸ਼ ਕਰੋ।

*ਪ੍ਰਸ਼ਨਾਂ ਨੂੰ ਦਿੱਤੇ ਗਏ ਕ੍ਰਮ ਅਨੁਸਾਰ ਕਰਨ ਦੀ ਕੋਸ਼ਿਸ਼ ਕਰੋ।

*ਲਿਖਾਈ ਸਾਫ ਅਤੇ ਸਪਸ਼ਟ ਹੋਣੀ ਚਾਹੀਦੀ ਹੈ।

## ਭਾਗ - ੳ (ਪੜ੍ਹਨ- ਕੌਸ਼ਲ)

**(1)-ਹੇਠਾਂ ਦਿੱਤੇ ਗਏ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :-** **2X5=10**

ਸੰਘਰਸ਼ ਦੇ ਰਸਤੇ ਤੇ ਇੱਕਲੇ ਹੀ ਚੱਲਣਾ ਪੈਂਦਾ ਹੈ। ਕੋਈ ਬਾਹਰੀ ਤਾਕਤ ਤੁਹਾਡੀ ਮਦਦ ਨਹੀਂ ਕਰ ਸਕਦੀ। ਹਰ ਸਮੱਸਿਆ ਆਪਣੇ ਨਾਲ ਇੱਕ ਸੰਘਰਸ਼ ਲੈ ਕੇ ਆਉਂਦੀ ਹੈ। ਹਰ ਸੰਘਰਸ਼ ਦੇ ਗਰਭ ਵਿੱਚ ਸਫਲਤਾ ਛੁਪੀ ਹੁੰਦੀ ਹੈ। ਇਹ ਸਫਲਤਾ ਕੇਵਲ ਮਿਹਨਤ , ਲਗਨ ਅਤੇ ਪੱਕੇ ਇਰਾਦੇ ਨਾਲ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਾਰੇ ਮਹਾਂਪੁਰਸ਼ ਵੀ ਸਾਨੂੰ ਇਹੀ ਸਿੱਖਿਆ ਦਿੰਦੇ ਹਨ ਕਿ ਸੰਘਰਸ਼ ਤੋਂ ਨਹੀਂ ਡਰਨਾ ਚਾਹੀਦਾ। ਜੋ ਵਿਅਕਤੀ ਸੰਘਰਸ਼ ਤੋਂ ਡਰਦਾ ਹੈ ਉਹ ਆਪਣੇ ਹੀ ਵਿਕਾਸ ਦੇ ਰਸਤੇ ਵਿੱਚ ਰੁਕਾਵਟ ਪੈਦਾ ਕਰਦਾ ਹੈ। ਇਸ ਲਈ ਜੇ ਅਸੀਂ ਜੀਵਨ ਵਿੱਚ ਸਫਲ ਹੋਣਾ ਹੈ ਤਾ ਸਾਨੂੰ ਸੰਘਰਸ਼ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਸੰਘਰਸ਼ ਸਾਡੇ ਅੰਦਰ ਆਤਮ- ਵਿਸ਼ਵਾਸ ਪੈਦਾ ਕਰਦਾ ਹੈ। ਇਹ ਸਾਨੂੰ ਆਪਣੀ ਅੰਦਰੂਨੀ ਸ਼ਕਤੀ ਨੂੰ ਪਛਾਨਣ ਵਿੱਚ ਮਦਦ ਕਰਦਾ ਹੈ। ਸੰਘਰਸ਼ ਸਾਨੂੰ ਜ਼ਰੂਰੀ ਅਨੁਭਵ ਅਤੇ ਗਿਆਨ ਪ੍ਰਦਾਨ ਕਰਦਾ ਹੈ।

i- ਮਨੁੱਖ ਨੂੰ ਕਿਸ ਰਸਤੇ ਤੇ ਇੱਕਲੇ ਹੀ ਚੱਲਣਾ ਪੈਂਦਾ ਹੈ ?

ii- ਹਰ ਸਮੱਸਿਆ ਆਪਣੇ ਨਾਲ਼ ਕੀ ਲੈ ਕੇ ਆਉਂਦੀ ਹੈ ?

iii-ਸੰਘਰਸ਼ ਦੇ ਗਰਭ ਵਿੱਚ ਕੀ ਛੁਪਿਆ ਹੋਇਆ ਹੈ ?

iv- ਸਾਨੂੰ ਸੰਘਰਸ਼ ਤੋਂ ਨਾ ਡਰਨ ਦੀ ਸਿੱਖਿਆ ਕਿਸ ਨੇ ਦਿੱਤੀ ਹੈ ?

v-ਸੰਘਰਸ਼ ਸਾਡੇ ਅੰਦਰ ਕੀ ਪੈਦਾ ਕਰਦਾ ਹੈ ?

## ਭਾਗ -ਅ ( ਵਿਆਕਰਨ )

**(2)- ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਸਹੀ ਉੱਤਰ ਦਿਉ । (1X10=10)**

**(ਕੋਈ ਦਸ )**

**i-ਕਿਰਿਆ ਵਿਸ਼ੇਸ਼ਣ ਕਿਸ ਨੂੰ ਕਹਿੰਦੇ ਹਨ ?**

ੳ -ਜੋ ਕਿਸੇ ਵਿਅਕਤੀ ਦਾ ਨਾਂ ਦੱਸੇ ।

ਅ -ਜਿਸ ਸ਼ਬਦ ਤੋਂ ਕਿਸੇ ਕੰਮ ਦੇ ਹੋਣ ਪਤਾ ਲੱਗੇ ।

ੲ -ਜੋ ਸ਼ਬਦ ਕਿਰਿਆ ਦੀ ਵਿਸ਼ੇਸ਼ਤਾ ਦੱਸੇ ।

ਸ -ਜੋ ਸ਼ਬਦ ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ

**Ii - ਬੱਚੇ ਜਮਾਤ ਵਿੱਚ ਪੜ੍ਹ ਰਹੇ ਹਨ । -ਕਿਰਿਆ ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ ?**

ੳ -ਗੁਣਵਾਚਕ ਕਿਰਿਆ ਵਿਸ਼ੇਸ਼ਣ    ਅ - ਸਥਾਨਵਾਚਕ ਕਿਰਿਆ ਵਿਸ਼ੇਸ਼ਣ

ੲ -ਕਾਲਵਾਚਕ ਕਿਰਿਆ ਵਿਸ਼ੇਸ਼ਣ    ਸ- ਪੜ੍ਹਨਾਵੀਂ ਕਿਰਿਆ ਵਿਸ਼ੇਸ਼ਣ

**iii -ਅਕਰਮਕ ਕਿਰਿਆ ਵਾਲੇ ਵਾਕ ਦੀ ਚੋਣ ਕਰੋ -**

ੳ -ਬੱਚਾ ਖੇਡ ਰਿਹਾ ਹੈ ।    ਅ -ਰੋਹਨ ਫੁੱਟਬਾਲ ਖੇਡ ਰਿਹਾ ਹੈ ।

ੲ- ਗੁਰਮੀਤ ਸੇਬ ਖਾ ਰਹੀ ਹੈ ।    ਸ-ਸਲੀਮ ਨੇ ਕੰਧ ਬਣਾਈ ।

**iv- ਹੇਠ ਲਿਖਿਆਂ ਵਿੱਚੋਂ ਕਿਰਿਆ ਸ਼ਬਦ ਦੀ ਚੋਣ ਕਰੋ -**

ੳ -ਚਲਾਉਣਾ    ਅ -ਪੰਜਾਬ

ੲ -ਸੁੰਦਰ    ਸ- ਹੁਸ਼ਿਆਰ

**v- ਪੜਨਾਂਵ ਦੀਆ ਕਿੰਨੀਆਂ ਕਿਸਮਾਂ ਹਨ ?**

ੳ -ਦੋ    ਅ -ਤਿੰਨ

ੲ -ਪੰਜ    ਸ-ਚਾਰ

**vi-....................ਕਿੱਥੇ ਜਾ ਰਹੇ ਹੋ ? -ਵਾਕ ਵਿੱਚ ਸਹੀ ਪੜਨਾਂਵ ਚੁਣ ਕੇ ਭਰੋ ।**

ੳ -ਉਹ    ਅ-ਤੁਸੀਂ

ੲ-ਖੇਡ    ਸ-ਕੁਰਸੀ

**vii-'ਜੋ ਕਦੇ ਵੀ ਨਾ ਮਰੇ ' ਲਈ ਇੱਕ ਸ਼ਬਦ ਚੁਣੋ -**

ੳ- ਅਮਰ

ਅ -ਅਮੀਰ

ੲ - ਰਾਜਾ

ਸ- ਬਹਾਦਰ

**viii- ਕਾਲ ਕਿੰਨੀ ਤਰ੍ਹਾਂ ਦੇ ਹੁੰਦੇ ਹਨ ?**

ੳ- ਚਾਰ

ਅ- ਦੋ

ੲੇ- ਛੇ

ਸ- ਤਿੰਨ

**ix-ਸਦਾ ਸੱਚ ਬੋਲਣ ਵਾਲੇ ਨੂੰ ਕੀ ਕਹਿੰਦੇ?**

ੳ -ਸੱਚਾ

ਅ-ਝੂਠਾ

ੲ -ਇਮਾਨਦਾਰ

ਸ- ਹੁਸ਼ਿਆਰ

**X -ਭੂਤਕਾਲ ਵਾਲੇ ਵਾਕ ਦੀ ਚੋਣ ਕਰੋ -**

ੳ- ਅੱਜ ਧੁੱਪ ਨਿੱਕਲੀ ਹੋਈ ਹੈ ।

ਅ -ਕੱਲ ਅਸੀਂ ਮੇਲਾ ਦੇਖਣ ਗਏ ਸੀ।

ੲ -ਮੇਰਾ ਭਾਰਤ ਮਹਾਨ ਹੈ।

ਸ-ਪੇਪਰ ਸ਼ੁਰੂ ਹੋਣ ਵਾਲ਼ੇ ਹਨ।

**xi- ਹੇਠ ਲਿਖਿਆਂ ਵਿੱਚੋਂ ਵਿਸਮਿਕ ਚਿੰਨ੍ਹ ਦੀ ਚੋਣ ਕਰੋ -**

ੳ-**?**

ਅ **-( )**

ੲ- **:-**

ਸ **-!**

**xii- ਪ੍ਰਸ਼ਨਵਾਚਕ ਚਿੰਨ੍ਹ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੀ ?**

ੳ- ਹੈਰਾਨੀ ਦੇ ਭਾਵ ਪ੍ਰਗਟ ਕਰਨ ਲਈ।

ਅ-ਸਧਾਰਨ ਵਾਕ ਦੇ ਅੰਤ ਵਿੱਚ।

ੲ -ਪ੍ਰਸ਼ਨ ਪੁੱਛਣ ਲਈ ।

ਸ- ਵਿਆਖਿਆ ਕਰਨ ਲਈ।

**xiii- 'ਸੈਨਤ ਕਰਨਾ' ਮੁਹਾਵਰੇ ਦੇ ਸਹੀ ਅਰਥ ਦੀ ਚੋਣ ਕਰੋ -**

ੳ- ਇਸ਼ਾਰਾ ਕਰਨਾ

ਅ-ਮੰਗਣਾ

ੲ- ਹੱਸਣਾ

ਸ- ਸਲਾਮ ਕਰਨਾ

## ਭਾਗ -ੲ (ਲਿਖਣ- ਕੌਸ਼ਲ )

**3- ਦਿੱਤੇ ਗਏ ਵਿਸ਼ੇ ਉੱਤੇ ਦਸ ਸਤਰਾਂ ਵਿੱਚ ਲੇਖ ਲਿਖੋ। (5)**

ਕੋਈ ਰਾਸ਼ਟਰੀ ਤਿਉਹਾਰ

**4- ਆਪਣੇ ਸਕੂਲ ਦੇ ਮੁਖੀ ਨੂੰ ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਲਈ ਪੱਤਰ ਲਿਖੋ। (5)**

**5-ਹੇਠਾਂ ਦਿੱਤੇ ਸ਼ਬਦਾਂ ਦੀ ਸਹਾਇਤਾ ਨਾਲ ਪੰਜ ਸਤਰਾਂ ਵਿੱਚ ਚਿਤਰ ਵਰਨਣ ਕਰੋ। (5)**

( ਗਿਟਾਰ ,ਸੋਫਾ , ਬੱਚੇ , ਪੜ੍ਹਾਈ , ਕਿਤਾਬਾਂ , ਔਰਤ ,ਆਦਮੀ )



**ਨੋਟ - ਇਹ ਪ੍ਰਸ਼ਨ ਕੇਵਲ ਨੇਤਰਹੀਣ ਵਿਦਿਆਰਥੀਆਂ ਲਈ ਹੈ।**

ਪਾਰਕ ਬਾਰੇ ਪੰਜ ਸਤਰਾਂ ਲਿਖੋ।

## ਭਾਗ - ਸ ( ਪਾਠ- ਪੁਸਤਕ 'ਤੇ ਅਧਾਰਤ )

**6- ਹੇਠ ਲਿਖੇ ਬਹੁਵਿਕਾਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਉੱਤਰ ਦਿਉ । (ਕੋਈ ਪੰਜ )** **(1x5=5)**

**i- ਛੋਟੀ ਉਮਰ ਵਿੱਚ ਹੀ ਗੁਰੂ ਤੇਗ ਬਹਾਦਰ ਜੀ ਅੰਦਰ ਕਿਹੜੇ ਗੁਣ ਦਿਖਾਈ ਦੇਣ ਲੱਗੇ ਸਨ ?**

ੳ - ਗੁਰੂਆਂ ਵਾਲੇ — ਅ- ਕਵੀਆਂ ਵਾਲੇ

ੲ- ਜੋਧਿਆਂ ਵਾਲੇ — ਸ ਖਿਡਾਰੀਆਂ ਵਾਲੇ

**ii- ਗੋਪੀ ਗਰਾਊਂਡ ਵਿੱਚ ਬੈਠ ਕੇ ਕੀ ਖਾ ਰਿਹਾ ਸੀ ?**

ੳ - ਕੇਲੇ — ਅ -ਰੋਟੀ

ੲ- ਚੂਰੀ — ਸ- ਮੂੰਗਫਲੀ

**iii- ਫਰਾਂਸ ਦੇ ਲੋਕਾਂ ਨੂੰ ਕੀ ਪਸੰਦ ਹੈ ?**

ੳ -ਗੰਦਗੀ — ਅ - ਸਫ਼ਾਈ

ੲ- ਖੇਡਣਾ — ਸ- ਵਿਹਲੇ ਰਹਿਣਾ

**iv- ਨਵਰੋਜ਼ ਦੇ ਤਿਉਹਾਰ ਤੇ ਲੋਕ ਕਿਸ ਮੰਦਰ ਵਿੱਚ ਪੂਜਾ ਕਰਦੇ ਹਨ ?**

ੳ -ਸ਼ਿਵ ਮੰਦਰ　　ਅ -ਅਗਨੀ ਮੰਦਰ

ੲ- ਕਾਲੀਦੇਵੀ ਮੰਦਰ　　ਸ- ਰਾਮ ਮੰਦਰ

**v- ਪਾਂਡੀ ਨੇ ਕਿਹੋ ਜਿਹੇ ਕੱਪੜੇ ਪਹਿਨੇ ਹੋਏ ਸਨ ?**

ੳ -ਸ਼ਾਹੀ　　ਅ -ਚਮਕੀਲੇ

ੲ- ਨਵੇਂ　　ਸ- ਫਟੇ ਹੋਏ

**vi- ਅਰੁਨਿਮਾ ਦੇ ਪਿਤਾ ਦੀ ਮੌਤ ਸਮੇ ਅਰੁਨਿਮਾ ਦੀ ਉਮਰ ਕਿੰਨੀ ਸੀ ?**

ੳ- ਬਾਰਾਂ ਸਾਲ　　ਅ -ਚਾਰ ਸਾਲ

ੲ- ਛੇ ਸਾਲ　　ਸ- ਤੇਰਾਂ ਸਾਲ

**vii- ਸੰਸਾਰ ਵਿੱਚ ਵਿਚਰਨ ਵਾਲੇ ਜੀਵਾਂ ਨੂੰ ਕਿੰਨੀਆਂ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ ?**

ੳ- ਦੋ　　ਅ -ਤਿੰਨ

ੲ- ਚਾਰ　　ਸ- ਇੱਕ

**viii- ਅਕਬਰ ਨੂੰ ਪਾਣੀ ਪੀਣ ਤੋਂ ਕਿਸ ਨੇ ਰੋਕਿਆ ?**

ੳ- ਪਤਨੀ ਨੇ　　ਅ- ਹਕੀਮ ਨੇ

ੲ- ਸੈਨਿਕ ਨੇ　　ਸ- ਬੀਰਬਲ ਨੇ

**7-- ਹੇਠਾਂ ਦਿੱਤੇ ਗਏ ਵਿਕਲਪਾਂ ਦੀ ਸਹਾਇਤਾ ਨਾਲ ਖਾਲੀ ਥਾਵਾਂ ਭਰੋ। (ਕੋਈ ਪੰਜ )　　(1X 5=5)**

( ਚਿੜੀ , ਸੋਨੂ , ਪਾਣੀ , ਨੌਂਵੇਂ , ਗੋਪੀ , ਰਸਾਇਣਕ , ਪਾਰਸੀ , ਅਕਾਲ )

i- ਸਾਡੇ ਲਈ ਸਭ ਤੋਂ ਮਹੱਤਵਪੂਰਨ ................ਹੈ।

ii- ਪੰਜਾਬ ਵਿੱਚ ..........ਪਿਆ ਹੋਇਆ ਸੀ ।

iii- ਪ੍ਰਿੰਸੀਪਲ ਨੇ ............ ਦੀ ਪਿੱਠ ਥਾਪੜੀ।

iv- ............ਆਲਸ ਤਿਆਗਣ ਦਾ ਸੁਨੇਹਾ ਦਿੰਦੀ ਹੈ।

v-- ਅਰੁਨਿਮਾ ਨੂੰ ਲੋਕ.............ਦੇ ਨਾਂ ਨਾਲ ਵੀ ਜਾਣਦੇ ਹਨ।

vi- ਨਵਰੋਜ਼ ਦਾ ਤਿਉਹਾਰ .............ਲੋਕ ਮਨਾਉਂਦੇ ਹਨ।

vii- ਗੁਰੂ ਤੇਗ਼ ਬਹਾਦਰ ਜੀ ਸਿੱਖਾਂ ਦੇ................ ਗੁਰੂ ਸਨ।

viii- ਅੱਜ ਕੱਲ ਲੋਕ ਖੇਤਾਂ ਵਿੱਚ................ਖਾਦ ਪਾਉਣ ਲੱਗੇ ਹਨ।

**(8)- ਹੇਠ ਲਿਖੇ ਵਾਕਾਂ ਵਿੱਚੋਂ ਸਹੀ ਵਾਕਾਂ ਅੱਗੇ ( ✓ ) ਅਤੇ ਗਲਤ ਵਾਕਾਂ ਅੱਗੇ (X) ਦਾ ਨਿਸ਼ਾਨ ਲਗਾਓ –　　(1x5=5)**

i- ਚਿੜੀ ਇੱਕ ਸਾਊ , ਸੰਤੋਖੀ ਅਤੇ ਨਿਮਾਣਾ ਪੰਛੀ ਹੈ।

ii- ਮਾਊਂਟ ਐਵਰੈਸਟ ਤੇ ਚੜ੍ਹਨ ਵਾਲੀ ਦੇਸ਼ ਦੀ ਪਹਿਲੀ ਔਰਤ ਬਛੇਂਦਰੀ ਪਾਲ ਸੀ।

iii- ਅਕਬਰ ਨੂੰ ਦਰਬਾਰ ਵਿੱਚ ਬੈਠੇ ਬਹੁਤ ਭੁੱਖ ਲੱਗੀ।

iv- ਨਵਰੋਜ਼ ਦਾ ਅਰਥ ਹੈ ਨਵਾਂ ਫੁੱਲ।

v- ਗੁਰੂ ਤੇਗ਼ ਬਹਾਦਰ ਜੀ ਦੀ ਮਾਤਾ ਦਾ ਨਾਂ ਮਾਤਾ ਸਾਹਿਬ ਨਾਨਕੀ ਸੀ।

vi- ਪੈਰਿਸ ਇੰਗਲੈਂਡ ਦੀ ਰਾਜਧਾਨੀ ਹੈ।

vii- ਅਸੀਂ 20 ਮਾਰਚ ਨੂੰ ਵਿਸ਼ਵ ਚਿੜੀ ਦਿਵਸ ਦੇ ਰੂਪ ਵਿੱਚ ਮਨਾਉਂਦੇ ਹਾਂ।

viii- ਅਰੁਨਿਮਾ ਦੇ ਮਾਤਾ ਜੀ ਫੌਜ ਵਿੱਚ ਨੌਕਰੀ ਕਰਦੇ ਸਨ।

**(9)- ਮਿਲਾਨ ਕਰੋ -** **(1x5=5)**

| **ਭਾਗ - 1** | **ਭਾਗ -2** |
|---|---|
| ਗੁਰੂ ਹਰਗੋਬਿੰਦ ਜੀ | ਰਾਜਾ ਜਮਸ਼ੇਦ |
| ਅਕਬਰ | ਝੂਠ |
| ਇਰਾਨੀ ਕਲੰਡਰ | ਦਰਬਾਰ |
| ਸੱਚ | ਗੁਰੂ ਤੇਗ਼ ਬਹਾਦਰ ਜੀ |
| ਰੇਲ ਦੁਰਘਟਨਾ | ਅਰੁਨਿਮਾ ਸਿਨਹਾ |

**10- ਹੇਠਾਂ ਪਾਠ -ਪੁਸਤਕ ਵਿੱਚੋਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ ।** **(1X5=5)**

ਹਿਮਾਲਾ ਪਰਬਤ ਦੇ ਸਭ ਤੋਂ ਉੱਚੇ ਸ਼ਿਖਰ ਮਾਊਂਟ ਐਵਰੈਸਟ ਤੇ ਆਪਣੀ ਜਿੱਤ ਦਾ ਝੰਡਾ ਫੇਹਰਾਉਣ ਵਾਲੀ ਅਰੁਨਿਮਾ ਸਿਨਹਾ ਆਪਣੇ ਜਨੂੰਨ ਨੂੰ ਐਵਰੈਸਟ ਤੋਂ ਉੱਚਾ ਮੰਨਦੀ ਹੈ। ਇਸ ਜਨੂੰਨ ਸਦਕਾ ਹੀ ਖੱਬੀ ਲੱਤ ਦੇ ਨਾ ਹੁੰਦੇ ਹੋਏ ਵੀ ਉਸ ਨੇ ਐਵਰੇਸਟ ਦੀ ਚੋਟੀ ਤੱਕ ਪੁੱਜਣ ਵਿੱਚ ਸਫਲਤਾ ਪ੍ਰਾਪਤ ਕੀਤੀ। ਉਸ ਦਾ ਜਨਮ 1988 ਈ : ਵਿੱਚ ਉੱਤਰ ਪ੍ਰਦੇਸ਼ ਵਿੱਚ ਹੋਇਆ। ਉਸ ਦਾ ਮਨ ਪੜ੍ਹਾਈ ਨਾਲੋਂ ਖੇਡਾਂ ਵਿੱਚ ਵਧੇਰੇ ਲੱਗਦਾ ਸੀ। ਉਹ ਫੁੱਟਬਾਲ ਅਤੇ ਵਾਲੀਬਾਲ ਦੀ ਚੰਗੀ ਖਿਡਾਰੀ ਸੀ। ਉਸ ਨੇ ਖੇਡਾਂ ਵਿੱਚ ਕਈ ਇਨਾਮ ਪ੍ਰਾਪਤ ਕੀਤੇ ਸਨ।

i- ਹਿਮਾਲਾ ਦਾ ਸਭ ਤੋਂ ਉੱਚਾ ਸ਼ਿਖਰ ਕਿਹੜਾ ਹੈ ?

ii- ਅਰੁਨਿਮਾ ਕਿਸ ਨੂੰ ਐਵਰੈਸਟ ਤੋਂ ਉੱਚਾ ਮੰਨਦੀ ਸੀ ?

iii- ਅਰੁਨਿਮਾ ਦੀ ਕਿਹੜੀ ਲੱਤ ਕੱਟੀ ਗਈ ਸੀ ?

iv-ਅਰੁਨਿਮਾ ਦਾ ਜਨਮ ਕਿੱਥੇ ਹੋਇਆ ?

v- ਅਰੁਨਿਮਾ ਨੂੰ ਪੜ੍ਹਾਈ ਨਾਲੋਂ ਵੱਧ ਕਿ ਕਰਨਾ ਵਧੇਰੇ ਪਸੰਦ ਸੀ ?